ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ।

ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।

ਵੱਲ,

ਸਮੂਹ ਜਿਲਾ ਸਿਖਿਆ ਅਫਸਰ (ਸੈ:ਸਿ:) ਅਤੇ (ਐ:ਸਿ:),
ਪੰਜਾਬ।

ਮੀਮੋ ਨੰ: ਸਟੈਨੋ/ਡੀ.ਡੀ.ਐਸ.ਏ./ ਸਪੈਸਲ- 13
ਮਿਤੀ : 30-8-13

ਵਿਸਾ :- ਸਾਲ 2013-14 ਦੌਰਾਨ ਸਿਖਿਆ ਵਿਭਾਗ ਵਿਚ ਬਦਲੀਆ ਸਬੰਧੀ ਨੀਤੀ।

ਸਿਖਿਆ ਵਿਭਾਗ ਪੰਜਾਬ ਦੁਆਰਾ ਪੱਤਰ ਨੰ: ਸਟੈਨੋ/ਡੀ.ਡੀ.ਐਸ.ਏ./ ਸਪੈਸਲ-1-8, ਮਿਤੀ 05-07-2013 ਰਾਹੀ ਆਮ ਬਦਲੀਆ 2013 ਦੀ ਨੀਤੀ ਜਾਰੀ ਕੀਤੀ ਗਈ ਸੀ। ਆਮ ਬਦਲੀਆ ਕਰਨ ਲਈ ਬਿਨੈ ਪੱਤਰ ਮਿਤੀ 05-07-2013 ਤੋ ਮਿਤੀ 20-07-2013 ਤੱਕ ਮਗੇ ਗਏ ਸੀ। ਜਿਸ ਅਨੁਸਾਰ ਵਿਭਾਗ ਵਲੋ ਕਰਮਚਾਰੀਆ ਦੀਆ ਬਦਲੀਆ ਕੀਤੀਆ ਗਈਆ ਹਨ। ਇਨ੍ਹਾ ਬਦਲੀਆ ਲਈ ਜੋ ਕਰਮਚਾਰੀ ਕਿਸੇ ਵੀ ਕਾਰਨ ਉਸ ਸਮੇ ਅਪਲਾਈ ਨਹੀ ਕਰ ਸਕੇ ਅਜਿਹੇ ਕਰਮਚਾਰੀਆਂ ਨੂੰ ਅਪਲਾਈ ਕਰਨ ਦਾ ਇਕ ਮੋਕਾ ਦਿੱਤਾ ਜਾਦਾ ਹੈ। ਅਜਿਹੇ ਕਰਮਚਾਰੀ ਵੀ ਹੁਣ ਦੁਬਾਰਾ ਅਪਲਾਈ ਕਰ ਸਕਦੇ ਹਨ ਜਿਹਨਾ ਦੇ ਪਹਿਲਾ ਬਦਲੀ ਲਈ ਆਪਟ ਕੀਤੇ ਸਟੇਸਨ ਭਰ ਚੁਕੇ ਹਨ ਅਤੇ ਉਹਨਾ ਦੀ ਬਦਲੀ ਵੀ ਨਹੀ ਹੋਈ, ਅਜਿਹੇ ਸਾਰੇ ਕਰਮਚਾਰੀ ਮਿਤੀ 10-09-2013 ਤੱਕ ਸਕੂਲ ਮੁੱਖੀ ਰਾਹੀ ਜਿਲੇ ਦੇ ਅੰਦਰ ਬਦਲੀ ਕਰਵਾਉਣ ਦੇ ਚਾਹਵਾਣ ਕਰਮਚਾਰੀ ਸਬੰਧਤ ਜਿਲਾ ਸਿਖਿਆ ਅਫਸਰ ਪਾਸ ਅਤੇ ਅੰਤਰ ਜਿਲਾ ਬਦਲੀ ਲਈ ਚਾਹਵਾਣ ਕਰਮਚਾਰੀ ਬਦਲੀਆ ਦੀ ਨਿਤੀ ਅਨੁਸਾਰ ਨਿਰਧਾਰਿਤ ਪ੍ਰਫਾਰਮੇ ਤੇ ਸਬੰਧਤ ਡਾਇਰੈਕਟੋਰੇਟ ਪਾਸ ਬਿਨੈ ਪੱਤਰ ਦੇਣਗੇ। ਮਿਤੀ 10-09-2013 ਤੋ ਬਾਅਦ ਪ੍ਰਾਪਤ ਬਿਨੈ ਪੱਤਰਾ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ। ਇਹਨਾ ਬਿਨੇ ਪੱਤਰਾ ਤੇ ਬਦਲੀਆ ਸਬੰਧੀ ਮਿਤੀ 05-07-2013 ਨੂੰ ਜਾਰੀ ਨੀਤੀ ਲਾਗੂ ਹੋਵੇਗੀ।

ਡਿਪਟੀ ਡਾਇਰੈਕਟਰ (ਸ:ਪ੍ਰ:)